# ਮੈਨੂਅਲ 12

## ਭਲਾਈ ਸਕੀਮਾਂ

### (1) ਬਾਈਸਾਈਕਲ,ਸਿਲਾਈ ਮਸ਼ੀਨ,ਪੱਖੇ,ਟੈਲੀਵਿਜ਼ਨ,ਕੰਪਿਊਟਰ ਅਤੇ ਕਣਕ ਦੀ ਖਰੀਦ ਲਈ ਬਿਨਾਂ ਵਿਆਜ਼ ਕਰਜੇ।

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਮਿਤੀ 7.10.2009 ਨੂੰ ਹੋਈ ਮੀਟਿੰਗ ਵਿੱਚ ਕਈ ਨਵੀਂਆਂ ਸਕੀਮਾਂ ਚਾਲੂ ਕਰਨ ਦੀ ਪ੍ਰਵਾਨਗੀ ਮਿਲੀ ਹੈ ਅਤੇ ਕਈ ਪੁਰਾਣੀਆਂ ਸਕੀਮਾਂ ਨੂੰ ਸੋਧ ਕੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਵੀ ਫੈਸਲਾ ਲਿਆ ਗਿਆ ਹੈ ਕਿ ਸਾਰੀਆਂ ਸਕੀਮਾਂ ਵਾਸਤੇ ਤਨਖਾਹ ਦੀ ਸੀਮਾਂ ਜ਼ੋ ਪਹਿਲਾਂ 10,000/- ਰੁਪਏ ਪ੍ਰਤੀ ਮਹੀਨਾ ਸੀ ਖਤਮ ਕਰ ਦਿੱਤੀ ਜਾਵੇ। ਉਪਰੋਕਤ ਦੇ ਮੱਦੇ ਨਜ਼ਰ ਨਵੀਂਆਂ ਸੋਧੀਆਂ ਸਕੀਮਾਂ ਦਾ ਵੇਰਵਾ ਹੇਠ ਅਨੁਸਾਰ ਹੈ।

### ਕਰਜ਼ਾ ਸਕੀਮਾਂ ਅਤੇ ਉਹਨਾਂ ਦੀਆਂ ਸ਼ਰਤਾ:-

1. ਕਰਜ਼ਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਨਜ਼ੂਰ ਕੀਤੀ ਜਾਵੇਗੀ।
2. ਕਰਜ਼ਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵਲੋਂ ਹਰ ਮਹੀਨੇ ਕਿਰਤੀਪ ਦੀ ਤਨਖਾਹ ਵਿਚੋਂ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜ਼ਾਵੇਗੀ।
3. ਕਿਰਤੀ ਨੂੰ ਵਸਤੂ ਲਈ ਕਰਜ਼ੇ ਦੀ ਮੰਨਜੂਰ ਰਕਮ ਜਾਂ ਅਸਲ ਕੀਮਤ ਜ਼ੋ ਵੀ ਘੱਟ ਹੋਵੇ ਦਿੱਤੀ ਜਾਵੇਗੀ।

| ਵਸਤੂ | ਕਰਜ਼ੇ ਦੀ ਰਕਮ(ਰੁਪਏ) | ਲਾਭਪਾਤਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ(ਰੁਪਏ) | ਵਿਸ਼ੇਸ਼ ਕਥਨ |
|---|---|---|---|---|
| ਬਾਈਸਾਈਕਲ | 2500/- | 1000 | 25,00,000/- | ੳ) ਕਰਜ਼ੇ ਦੀ ਵਸੂਲੀ ਬਰਾਬਰ 12ਮਾਸਿਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ। |
| ਸਿਲਾਈ ਮਸ਼ੀਨ | 1200/- | 500 | 6,000,000/- | |
| ਪੱਖੇ | 1000/- | 1000 | 10,00,000/- | |
| ਟੈਲੀਵੀਜ਼ਨ | 5000/- | 500 | 25,00,000/- | ਕਰਜ਼ੇ ਦੀ ਵਸੂਲੀ 20 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਂਹੀ ਕਰਕੇ ਭਿਜਵਾਈ ਜਾਵੇਗੀ। |
| ਕੰਪਿਊਟਰ | 15000/- | 100 | 15,00,000/- | ਕਰਜ਼ੇ ਦੀ ਵਸੂਲੀ 30 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਂਹੀ ਕਰਕੇ ਭਿਜਵਾਈ ਜਾਵੇਗੀ। |
| ਕਣਕ | 2500/- | 1000 | 25,00,000/- | ੳ) ਕਣਕ ਦੀ ਖਰੀਦ ਲਈ ਕਰਜ਼ਾ ਰਾਜ |

| | | | | |
|---|---|---|---|---|
| ਐਡਵਾਂਸ | | | | ਸਰਕਾਰ ਵੱਲੋ ਆਪਣੇਂ ਦਰਜਾ-4 ਮੁਲਾਜਮਾਂ ਲਈ ਮੰਨਜੂਰ ਕੀਤੀ ਜਾਂਦੀ ਰਕਮ ਵਾਂਗ ਹੀ ਮੰਨਜੂਰ ਕੀਤਾ ਜਾਵੇਗਾ।<br><br>ਅ) ਕਰਜ਼ੇ ਦੀ ਵਸੂਲੀ ਬਰਾਬਰ 12 ਮਾਸਿਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br><br>ਏ)ਅਣ-ਸਿਖਿਅਤ(Unskilled)ਕਿਰਤੀਆਂ ਨੂੰ ਪਹਿਲਾਂ ਆਓ ਅਤੇ ਪਹਿਲਾਂ ਪਾਓ ”<br>(First come first serve)ਦੇ ਅਧਾਰ ਤੇ ਕਰਜ਼ੇ ਦੀ ਮੰਨਜੂਰੀ ਲਈ ਪਹਿਲ ਦਿੱਤੀ ਜਾਵੇਗੀ।<br><br>ਸ) ਇਸ ਕਰਜ਼ੇ ਦੀ ਬੁਕਿੰਗ ਹਰ ਸਾਲ ਮਹੀਨਾ ਮਾਰਚ ਦੇ ਵਿੱਚ ਕੀਤੀ ਜਾਵੇਗੀ। |
| ਸਕੂਟਰ/ ਇਲੈਕਟ੍ਰੋਨਿਕ ਸਕੂਟੀ | 20,000/- | 37 | 7,50,000/- | 1. ਕਿਰਤੀ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਲਗਾਤਾਰ ਦੇ ਰਿਹਾ ਹੋਵ।<br><br>2. ਕਰਜੇ ਵੀ ਵਸੂਲੀ ਬਰਾਬਰ 30 ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br><br>3. ਇਹ ਕਰਜ਼ਾ ਅਦਾਰੇ ਦੇ ਕਿਰਤੀਆਂ ਦੀ ਗਿਣਤੀ 5% ਤੱਕ ਹੀ ਸਿਮਤ ਹੋਵੇ।<br><br>4. ਘੱਟੋ ਘੱਟ ਤਨਖਾਹ ਲੈਣ ਵਾਲੇ ਕਿਰਤੀ ਨੂੰ ਪਹਿਲ ਦੇ ਅਧਾਰ ਤੇ ਕਰਜ਼ਾ ਮੰਜੂਰ ਕੀਤਾ ਜਾਵੇਗਾ।<br><br>5. ਕਰਜ਼ਾ ਲੈਣ ਸਮੇਂ ਕਿਰਤੀ ਜਾਂ ਉਸ ਦੇ ਪਤੀ/ਪਤਣੀ ਦੇ ਨਾਂ ਤੇ ਪਹਿਲਾਂ ਕੋਈ ਸਕੂਟਰ/ਮੋਟਰ ਸਾਇਕਲ ਆਦਿ ਨਹੀਂ ਹੋਣਾ ਚਾਹੀਦਾ।<br><br>6. ਕਿਰਤੀ ਦੀ ਘੱਟੋ ਘੱਟ 2 ਸਾਲ ਦੀ ਨੌਕਰੀ ਹੋਣੀ ਚਾਹੀਦੀ ਹੈ। |

ਸ਼ਰਤਾਂ:-

1) ਜਿਹੜਾ ਕਿਰਤੀ ਕਰਜ਼ੇ ਦੀ ਰਕਮ ਵਾਪਸ ਕਰਨ ਵਿੱਚ ਕਸੂਰਵਾਰ(defaulfer) ਪਾਇਆ ਗਿਆ ਤਾਂ ਉਸ ਸੂਰਤ ਵਿੱਚ ਦੂਜਾ ਕਰਜ਼ਾ ਨਹੀਂ ਦਿੱਤਾ ਜਾਵੇਗਾ।

2) ਜਿਹੜੇ ਕਿਰਤੀਆਂ ਨੇ ਪਹਿਲਾਂ ਕੋਈ ਕਰਜ਼ੇ ਦੀ ਸਹੂਲਤ ਨਹੀ ਲਈ ਹੋਵੇਗੀ, ਉਸ ਨੂੰ ਪਹਿਲ ਦੇ ਅਧਾਰ ਤੇ ਕਰਜ਼ਾ ਮੰਨਜੂਰ ਕੀਤਾ ਜਾਵੇਗਾ।

3) ਬੋਰਡ ਦੀ ਯੋਗਦਾਨ ਸਕੀਮ ਅਧੀਨ ਕਿਰਤੀ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।

4) ਬਾਕੀ ਸ਼ਰਤਾਂ ਬਰਾਬਰ ਹੁੰਦੇ, ਔਰਤਾਂ ਨੂੰ ਪਹਿਲ ਦਿੱਤੀ ਜਾਵੇਗੀ।

5) ਕਿਰਤੀ ਦੀ ਗੈਰੂਲਰ ਤੌਰ ਤੇ ਘੱਟੋ ਘੱਟ 2 ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ।

## (2) ਉਦਯੋਗਿਕ ਕਿਰਤੀਆਂ ਦੀ ਵਿਧਵਾਵਾਂ ਨੂੰ ਐਕਸਗ੍ਰੇਸ਼ੀਆਂ ਗਰਾਂਟ:-

ਬੋਰਡ ਵਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਐਕਸ ਗ੍ਰੇਸ਼ੀਆਂ ਗ੍ਰਾਂਟ ਦਾ ਲਾਭ ਜ਼ੋ ਹੁਣ ਤੱਕ ਕਿਰਤੀ ਦੀ ਮੌਤ ਹੋਣ ਤੇ ਉਸ ਦੀ ਵਿਧਵਾ ਨੂੰ ਦਿੱਤਾ ਜਾਂਦਾ ਸੀ ਉਹ ਉਸ ਦੇ ਆਸ਼੍ਰਤਾਂ ਨੂੰ ਵੀ ਦਿੱਤਾ ਜਾਵੇਗਾ ਅਤੇ ਮੌਤ ਤੋਂ ਇਲਾਵਾ ਇਸ ਸਕੀਮ ਦਾ ਵਿਸਥਾਰ ਕਰਦੇ ਜਿਸ ਵਿੱਚ ਹਾਦਸਿਆਂ ਕਾਰਨ ਪੂਰਨ ਰੂਪ ਵਿੱਚ ਅਪੰਗ ਜਾਂ ਆਸ਼ਕ ਰੂਪ ਵਿੱਚ ਅਪੰਗ ਕਿਰਤੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਸਕੀਮ ਦੇ ਵੇਰਵੇ ਹੇਠ ਅਨੁਸਾਰ ਹਨ:

| ਕਾਰਨ | ਐਕਸਗ੍ਰੇਸ਼ੀਆਂ ਦੀ ਰਕਮ | ਕੁਲ ਲਾਭਪਾਤਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ(ਰੁਪਏ) | ਸ਼ਰਤਾਂ |
|---|---|---|---|---|
| ਮੌਤ ਹੋ ਜਾਣ ਕਾਰਨ<br><br>ਹਾਦਸਿਆਂ ਕਾਰਨ ਪੂਰਨ ਰੂਪ ਵਿੱਚ ਅਪੰਗ ਹੋ ਜਾਣ ਕਾਰਨ<br><br>ਆਸ਼ਕ ਰੂਪ ਵਿੱਚ ਅਪੰਗ ਹੋ ਜਾਣ ਕਾਰਨ | 40,000/-<br><br>40,000/-<br><br>20,000/- | 100 | 20,00,000/- | ੳ) ਕਿਰਤੀ ਲਗਾਤਾਰ ਲੇਬਰ ਵੇਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br><br>ਅ) ਕਿਰਤੀ ਦੀ ਮੌਤ ਹੋਣ ਤੋਂ ਦੋ ਸਾਲ ਦੇ ਅੰਦਰ-ਅਦਰ ਉਸ ਦੀ ਵਿਧਵਾਂ/ਆਸ਼ਰਤਾ ਵਲੋਂ ਦਰਖਾਸਤ ਪ੍ਰਾਪਤ ਹੋਣ ਦੀ ਸੂਰਤ ਵਿੱਚ ਐਕਸਗ੍ਰੇਸ਼ੀਆਂ ਗਰਾਂਟ ਮੰਨਜੂਰ ਕੀਤੀ ਜਾਵੇਗੀ।<br><br>ੲ) ਕਿਰਤੀ ਦੀ ਮੌਤ ਸਬੰਧੀ ਸਰਟੀਫਿਕੇਟ ਦੀ ਤਸ਼ਦੀਕਸੁਦਾ ਫੋਟੋਂ ਕਾਪੀ ਦਰਖਾਸਤ ਨਾਲ ਲਗਾਉਣੀ ਜਰੂਰੀ ਹੋਵੇਗੀ।<br>ਸ) ਇਸ ਸਕੀਮ ਦਾ ਲਾਭ ਕਿਰਤੀ ਦੇ ਆਂਸਰਿਤ ਨੂੰ ਵੀ ਦਿੱਤਾ ਜਾਵੇਗਾ।<br><br>ਹ) ਪੂਰਨ ਰੂਪ ਵਿੱਚ ਅਪੰਗ/ਆਂਸ਼ਿਕ ਅਪੰਗਤਾ ਸਬੰਧੀ ਸਰਟੀਫਿਕੇਟ ਸਿਵਲ |

| | | | | |
|---|---|---|---|---|
| | | | | ਸਰਜਨ ਦਾ ਨੱਥੀ ਕੀਤਾ ਜਾਵੇ।<br><br>ਕ) ਮੰਨਜੂਰੀ ਪਹਿਲਾਂ ਆਓ,ਪਹਿਲਾਂ ਪਾਓ ਦੇ ਅਧਾਰ ਤੇ ਹੋਵੇਗੀ। |

(3) **ਉਦਯੋਗਿਕ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਵਿਆਜ ਰਹਿਤ ਕਰਜ਼ਾ ਸਕੀਮ।**

| ਕਰਜ਼ੇ ਦੀ ਰਕਮ | ਲਾਭਪਾਤਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ(ਰੁਪਏ) | ਸ਼ਰਤਾਂ |
|---|---|---|---|
| 30,000/- | 100 | 2009-10<br>30,00,000/- | ੳ) ਕਿਰਤੀ ਲਗਾਤਾਰ ਲੇਬਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br><br>ਅ) ਕਰਜ਼ੇ ਦੀ ਰਿਕਵਰੀ 30 ਬਰਾਬਰ ਕਿਸ਼ਤਾ ਵਿੱਚ ਕੀਤੀ ਜਾਵੇਗੀ (ਪ੍ਰਬੰਧਕਾਂ ਰਾਂਹੀ<br><br>ੲ) ਕਿਰਤੀ ਦੀ ਰੈਗੂਲਰ ਤੌਰ ਤੇ ਘੱਟੋ ਘੱਟ 2 ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ। |

3

(4) **ਉਦਯੋਗਿਕ ਕਿਰਤੀਆਂ ਦੀ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਵਿੱਤੀ ਸਹਾਇਤਾਂ/ਸ਼ਗਨ ਸਕੀਮ।**

ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਵਿੱਤੀ ਸਹਾਇਤਾ/ਸ਼ਗਨ ਦੇਣ ਬਾਰੇ ਹੇਠ ਅਨੁਸਾਰ ਫੈਸਲਾ ਲਿਆ ਗਿਆ:-

| ਵਿੱਤੀ ਸਹਾਇਤਾਂ/ ਸ਼ਗਨ ਦੀ ਰਾਸ਼ੀ | ਲਾਭਪਾਰਤੀ ਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ(ਰੁਪਏ) | ਸ਼ਰਤਾਂ |
|---|---|---|---|
| 5100/- | 500 | 2,55,000/- | ੳ) ਕਿਰਤੀ ਲਗਾਤਾਰ ਲੇਬਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br><br>ਅ) ਕਿਰਤੀਆਂ ਨੂੰ ਇਹ ਵਿੱਤੀ ਸਹਾਇਤਾ ਕੇਵਲ ਉਸ ਸੂਰਤ ਵਿੱਚ ਦਿੱਤੀ ਜਾਵੇਗੀ ਕਿ ਉਸ ਨੂੰ ਅਜਿਹੀ ਸਹਾਇਤਾ ਰਾਜ ਸਰਕਾਰ ਜਾਂ ਕਿਸੇ ਹੋਰ ਸੰਸਥਾਂ ਵਲੋਂ ਨਹੀਂ ਮਿਲ ਰਹੀ।<br><br>ੲ) ਮੰਨਜੂਰੀ ਪਹਿਲਾਂ ਆਓ,ਪਹਿਲਾਂ ਪਾਓ ਦੇ |

| | | | |
|---|---|---|---|
| | | | ਅਧਾਰ ਤੇ ਹੋਵੇਗੀ। |

**(5) ਉਦਯੋਗਿਕ ਕਿਰਤੀਆਂ ਨੂੰ ਛੁਟੀ ਦੌਰਾਨ ਯਾਤਰਾ ਲਈ ਸਹੂਲਤ(Leave Travel Concession) ਦੇਣ ਬਾਰੇ।**

ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਆਪਣੀ ਛੁੱਟੀ ਲੈ ਕੇ ਧਾਰਮਿਕ/ਇਤਿਹਾਸਕ ਆਦਿ ਸਥਾਨਾਂ ਦੀ ਯਾਤਰਾ ਲਈ ਐਲ.ਟੀ.ਸੀ.ਦੀ ਸਹੂਲਤ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਗਈ।

| ਐਲ.ਟੀ.ਸੀ.ਦੀ ਰਕਮ(ਰੁਪਏ) | ਲਾਭਪਾਤਰੀਆਂ ਦੀ ਗਿਣਤੀ | ਮੰਨਜ਼ੂਰ ਕੀਤੀ ਰਕਮ(ਰੁਪਏ) | ਸ਼ਰਤਾਂ |
|---|---|---|---|
| 1000/- | 200 | 2,00,000/- | ੳ) ਕਿਰਤੀ ਲਗਾਤਾਰ ਲੈਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br><br>ਅ) ਕਿਰਤੀ ਨੂੰ ਦਰਖਾਸਤ ਨਾਲ ਕੀਤੀ ਗਈ ਯਾਤਰਾ ਸਬੰਧੀ ਹਲਫੀਆਂ ਬਿਆਨ ਦੇਣਾ ਹੋਵੇਗਾ ਜਿਸ ਦੀ ਕਿ ਪ੍ਰਬੰਧਕਾਂ ਵਲੋਂ ਪੁਸ਼ਟੀ ਕਰਨੀ ਜ਼ਰੂਰੀ ਹੋਵੇਗੀ।<br>ੲ) ਮੰਨਜ਼ੂਰੀ ਪਹਿਲਾਂ ਆਓ,ਪਹਿਲਾਂ ਪਾਓ ਦੇ ਅਧਾਰ ਤੇ ਹੋਵੇਗੀ। |

6) **ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ।**

| ਲੜੀ ਨੰ: | ਕਲਾਸ | ਵਜੀਫੇ ਦੀ ਦਰ | ਲਾਭਪਾਤਰੀਆ ਦੀ ਗਿਣਤੀ | ਅਨੁਮਾਨਤ ਮੰਨਜ਼ੂਰ ਕੀਤੀ ਰਕਮ(ਰੁਪਏ) |
|---|---|---|---|---|
| 1. | 9ਵੀਂ,10ਵੀਂ+1ਅਤੇ+2 | 1500/- | 1000 | 15,00,000/- |
| 2. | ਕਾਲਜ ਵਿਦਿਆਰਥੀ ਬੀ.ਏ/ਬੀ.ਐਸ.ਸੀ./ਐਮ ਏ/ਐਮ.ਐਸ.ਸੀ.ਅਤੇ ਬੀ.ਸੀ.ਏ./ਐਮ.ਸੀ.ਏ./ਐਮ.ਬੀ.ਏ.ਅਤੇ ਹੋਰ | 1800/- | 250 | 4,50,000/- |
| 3. | ਆਈ.ਟੀ.ਆਈ/ਪਾਲੀਟੈਕਨਿਕਲ ਤੇ ਤਕਨੀਕੀ/ਬੀ.ਐਸ.ਸੀ.ਨਰਸਿੰਗ ਅਤੇ ਹੋਰ ਪੇਸਵਾਰ ਕੋਰਸਾ ਲਈ | 1800/- | 250 | 4,50,000/- |
| 4. | ਮੈਡੀਕਲ/ਇੰਜੀਨੀਰਿੰਗ ਡਿਗਰੀ ਕੋਰਸਾਂ ਬੀ.ਈ/ਐਮ.ਬੀ.ਬੀ.ਐਸ. (ਰੈਗੂਲਰ ਕੋਰਸਿਜ਼ ਰੈਕੋਗਨਾਇਜ਼ਡ ਇੰਨਸਟੀਚਿਊਟ ਵਿੱਚੋ) | 15000/- | 50 | 7,50,000/- |

| | | | | |
|---|---|---|---|---|
| | ਕੁੱਲ ਰਕਮ | | 1550 | 31,50,000/- |

<u>ਯੋਗਤਾ/ਸ਼ਰਤਾ</u>

1. ਕਿਰਤੀ ਪੰਜਾਬ ਲੇਬਰ ਵੇਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ।

2. ਕਿਰਤੀ ਦੀ ਰੈਗੂਲਰ ਤੌਰ ਤੇ ਘੱਟੋ ਘੱਟ 2 ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ।

3. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਂਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

4. ਕਿਰਤੀ ਦਾ ਬੱਚਾ ਸੰਸਥਾਂ/ਕਿਸੇ ਹੋਰ ਸਾਧਨ ਤੋਂ ਵਜੀਫਾ ਨਾ ਲੈ ਰਿਹਾ ਹੋਵੇ।

5. ਕਿਰਤੀ ਤੇ ਪੂਰੇ ਤੌਰ ਤੇ ਨਿਰਭਰ ਉਸਦੇ ਭਰਾ/ਭੈਣ/ਪੋਤਾ/ਪੋਤੀ ਨੂੰ ਵੀ ਪੜਾਈ ਲਈ ਵਜੀਫਾ ਦਿੱਤਾ ਜਾਵੇਗਾ।
6. ਕਿਰਤੀ ਨੂੰ ਖੁਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜੀਫਾ ਦਿੱਤਾ ਜਾਵੇਗਾ।

7. ਕਿਰਤੀ ਦੇ ਦੋ ਬੱਚਿਆਂ ਤੱਕ ਹੀ ਵਜੀਫਾ ਸੀਮਿਤ ਹੋਵੇਗਾ।

8. ਪਿਛਲੀ ਕਲਾਸ ਵਿੱਚ ਫੇਲ ਹੋਏ ਜਾਂ ਕੰਪਾਰਟਮੈਂਟ ਵਰਗੇ ਕੇਸਾਂ ਵਿੱਚ ਮੰਨਜੂਰ ਨਹੀਂ ਕੀਤੇ ਜਾਣਗੇ।

9. ਕਾਲਜ ਵਿਦਿਆਰਥੀਆਂ ਨੂੰ ਪਿਛਲੇ ਸਾਲ ਦੀ ਪ੍ਰੀਖਿਆ ਵਿੱਚ ਘੱਟੋ ਘੱਟ 45% ਅੰਕ ਲਏ ਹੋਣੇ ਚਾਹੀਦੇ ਹਨ।

**(7) ਉਦਯੋਗਿਕ ਕਿਰਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਵਿੱਤੀ ਸਹਾਇਤਾ ਦੇਣ ਬਾਰੇ।**

ਬੋਰਡ ਵਲੋਂ ਉਦਯੋਗਿਕ ਕਿਰਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਸਕੀਮ ਹੇਠ ਲਿਖਿਆ ਸੁਰਤਾ ਅਨੁਸਾਰ ਮੰਜੂਰ ਕੀਤੀ ਗਈ ਹੈ:-

| ਖਤਰਨਾਕ ਬਿਮਾਰੀਆਂ | ਬਿਮਾਰੀਆਂ ਦੀ ਰਕਮ | ਲਾਭਪਾਤਰੀ -ਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|---|
| ਕੈਸ਼ਰ ਦਾ ਅਪਰੇਸ਼ਨ/ਟ੍ਰੀਟਮੈਂਟ ਹਾਰਟ ਸਰਜਰੀ ਅਤੇ ਕਿਡਨੀ ਟ੍ਰਾਸਪਲਾਂਟ | 50,000/- | 20 | 10,00,000/- | 1. ਕਿਰਤੀ ਲਗਾਤਾਰ ਲੇਬਰ ਵੇਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br>2. ਕਿਰਤੀ ਅਤੇ ਉਸ ਦੇ ਆਂਸਰਿਤ ਮੈਬਰਾਂ ਲਈ ਖਤ੍ਰਰਨਾਕ ਬਿਮਾਰੀਆਂ ਦੇ ਇਲਾਜ ਲਈ ਵੱਧ |

| | | | | |
|---|---|---|---|---|
| ਜਨਰਲ ਸਰਜਰੀ | 10,000/- | 50 | 5,00,000/- | ਤੋਂ ਵੱਧ 50,000/-ਰੁ: ਜਾਂ ਜੋ ਆਸਲ ਖਰਚਾ ਹੋਵਗਾ ਦੋਨਾਂ ਵਿੱਚੋ ਜ਼ੋ ਵੀ ਘੱਟ ਹੋਵੇ ਦਿੱਤਾ ਜਾਵੇਗਾ।<br><br>3. ਕਿਰਤੀ ਅਤੇ ਉਸ ਦੇ ਆਂਸਰਿਤ ਮੈਬਰਾ ਲਈ ਜਨਰਲ ਸਰਜਰੀ ਲਈ ਵੱਧ ਤੋਂ ਵੱਧ 10,000/- ਜਾਂ ਜ਼ੋ ਅਸਲ ਖਰਚ ਹੋਵੇ ਦੋਨਾ ਵਿੱਚ ਘੱਟ ਹੋਵੇ ਦਿੱਤਾ ਜਾਵੇਗਾ।<br><br>4.ਜਿਹੜਾ ਕਿਰਤੀ ਈ.ਐਸ.ਆਈ. ਸਕੀਮ ਵਿੱਚ ਕਵਰ ਹੁੰਦਾ ਹੈ ਉਸ ਨੂੰ ਇਹ ਲਾਭ ਨਹੀ ਦਿੱਤਾ ਜਾਵੇਗਾ।<br><br>5. ਜਿਹੜਾ ਕਿਰਤੀ ਕਿਸੇ ਹੋਰ ਇੰਸੋਰੈਂਸ ਅਤੇ ਮੈਡੀਕਲ ਸਕੀਮ ਅਧੀਨ ਲਾਭ ਲੈ ਰਿਹਾ ਹੈ ਤਾਂ ਉਸ ਨੂੰ ਸਕੀਮ ਦਾ ਲਾਭ ਨਹੀ ਦਿੱਤਾ ਜਾਵੇਗਾ।<br><br>6. ਕਿਰਤੀ ਦੀ ਘੱਟੋ ਘੱਟ ਦੋ ਸਾਲ ਦੀ ਸਰਵੀਸ ਹੋਣੀ ਚਾਹੀਦੀ ਹੈ। |

**(8) ਉਦਯੋਗਿਕ ਕਿਰਤੀਆਂ ਨੂੰ ਡਿਊਟੀ ਤੇ ਆਉਣ ਜਾਣ ਲਈ ਸਕੂਟਰ/ਮੋਟਰਸਾਇਕਲ/ਇਲੈਕਟ੍ਰੋਨਿਕ ਸਕੂਟੀ ਖ੍ਰੀਦਣ ਲਈ ਬਿਨਾਂ ਵਿਆਜ ਕਰਜਾ ਸਕੀਮ**

ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਹੇਠ ਲਿਖੀ ਸਕੀਮ ਅਧੀਨ ਵਿਆਜ ਰਹਿਤ ਕਰਜਾ ਦੇਣ ਸਬੰਧੀ ਰਕਮ ਮੰਨਜੂਰ ਕੀਤੀ ਗਈ:-

| ਸਕੀਮ ਦਾ ਨਾਂਮ | ਕਰਜ਼ੇ ਦੀ ਰਕਮ (ਰੁਪਏ) | ਲਾਭਪਾਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|---|
| ਸਕੂਟਰ/ਮੋਟਰਸਾਇਕਲ/ਇੰਲੈਕਟ੍ਰੋਨਿਕ ਸਕੂਟੀ | 20,000/- | 37 | 7,50,000/- | 1. ਕਿਰਤੀ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਲਗਾਤਾਰ ਦੇ ਰਿਹਾ ਹੋਵੇ।<br><br>2. ਕਰਜੇ ਦੀ ਵਸੂਲੀ ਬਰਾਬਰ 30 |

| | | | | |
|---|---|---|---|---|
| | | | | ਕਿਸਤਾਂ ਵਿੱਚ ਕੀਤੀ ਜਾਵੇਗੀ।<br><br>3. ਇਹ ਕਰਜਾ ਅਦਾਰੇ ਦੇ ਕਿਰਤੀਆਂ ਦੀ ਗਿਣਤੀ 5% ਤੱਕ ਹੀ ਸੀਮਤ ਹੋਵੇ।<br><br>4. ਘੱਟੋਂ ਘੱਟ ਤਨਖਾਹ ਲੈਣ ਵਾਲੇ ਕਿਰਤੀ ਨੂੰ ਪਹਿਲ ਦੇ ਅਧਾਰ ਤੇ ਕਰਜਾ ਮੰਨਜੂਰ ਕੀਤਾ ਜਾਵੇਗਾ।<br><br>5. ਕਰਜਾ ਲੈਣ ਸਮੇਂ ਕਿਰਤੀ ਜਾਂ ਉਸ ਦੇ ਪਤੀ/ਪਤਨੀ ਦੇ ਨਾਂਮ ਤੇ ਪਹਿਲਾ ਕੋਈ ਸਕੂਟਰ/ਮੋਟਰ ਸਾਇਕਲ ਆਦਿ ਨਹੀ ਹੋਣਾ ਚਾਹੀਦਾ।<br><br>6. ਕਿਰਤੀ ਦੀ ਘੱਟੋ ਘੱਟ ਦੋ ਸਾਲ ਦੀ ਸਰਵਿਸ ਹੋਣੀ ਚਾਹੀਦੀ । |

9) **ਉਦਯੋਗਿਕ ਕਿਰਤੀਆਂ ਨੂੰ ਐਕਨਾਂ,ਦੰਦਾ ਅਤੇ ਸੁਣਨ-ਯੰਤਰ ਲਈ ਖ੍ਰੀਦਣ ਲਈ ਮਾਲੀ ਸਹਾਇਤਾ (ਸਬਸਿਡੀ) ਸਕੀਮ**

ਬੋਰਡ ਵਲੋ ਮਾਲੀ ਸਹਾਇਤਾ (ਸਬਸਿਡੀ) ਦੀ ਰਕਮ ਹੇਠ ਲਿਖੇ ਅਨੁਸਾਰ ਮੰਨਜੂਰ ਕੀਤੀ ਗਈ:-

| ਵਸਤੂ ਦਾ ਨਾਂ | ਲਾਭਪਾਤਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ(ਰੁਪਏ) | ਸ਼ਰਤਾਂ |
|---|---|---|---|
| ਐਨਕਾ/ ਦੰਦਾਂ ਅਤੇ ਸੁਣਨ-ਯੰਤਰ | 500 | 5,00,000/- | 1. ਕਿਰਤੀ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਲਗਾਤਾਰ ਦੇ ਰਿਹਾ ਹੋਵੇ।<br><br>2. ਕਿਰਤੀ ਦੀ ਘੱਟੋ ਘੱਟ ਦੋ ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ।<br>3. ਐਨਕ ਦੀ ਕੀਮਤ ਦੀ 50% ਸਬਸਿਡੀ ਜਾਂ ਵੱਧ ਤੋਂ ਵੱਧ 300/- ਰੁਪਏ ਦਿੱਤੇ ਜਾਣਗੇ।<br><br>4. ਦੰਦਾਂ ਦੀ ਕੀਮਤ ਦੀ 50% ਸਬਸਿਡੀ ਜਾਂ ਵੱਧ ਤੋਂ ਵੱਧ 1000/- ਰੁਪਏ ਦਿੱਤੇ ਜਾਣਗੇ।<br><br>5. ਸੁਣਨ-ਯੰਤਰ ਦੀ ਕੀਮਤ ਦੀ 50% ਸਬਸਿਡੀ ਜਾਂ ਵੱਧ ਤੋਂ ਵੱਧ 2500/-ਰੁਪਏ ਦਿੱਤੇ ਜਾਣਗੇ।<br><br>6. ਇਨਾਂ ਯੰਤਰਾਂ ਦੀ ਜਰੂਰਤ ਮੈਡੀਕਲ ਅਫਸਰ/ਈ.ਐਸ.ਆਈ. ਡਿਪੈਂਸਰੀ ਇੰਨਚਾਰਜ ਵਲੋਂ ਦਿੱਤੀ ਸਲਾਹ ਦੇ ਅਧਾਰ ਤੇ ਹੀ ਸਬਸਿਡੀ ਦੀ ਰਕਮ ਮੰਨਜੂਰ ਕੀਤੀ ਜਾਵੇਗੀ।<br><br>7. ਜੇਕਰ ਕਿਰਤੀ ਨੂੰ ਕਿਸੇ ਹੋਰ ਸਕੀਮ ਅਧੀਨ |

| | | | |
|---|---|---|---|
| | | | ਵਿੱਤੀ ਸਹਾਇਤਾ ਮਿਲ ਰਹੀ ਹੈ ਤਾਂ ਉਸ ਨੂੰ ਇਹ ਲਾਭ ਨਹੀ ਦਿੱਤਾ ਜਾਵੇਗਾ। |